# ਮਾਊਂਟੇਨ ਡੀਓ ਨੇ ਆਈ.ਪੀ.ਐਲ. ਕਿੰਗਜ਼ ਇਲੈਵਨ ਪੰਜਾਬ ਟੀਮ ਨਾਲੋਂ ਨਾਤਾ ਜੋੜਿਆ

## ਕਿੰਗਜ਼ ਇਲੈਵਨ ਪੰਜਾਬ ਟੀਮ ਦੀ ਜਿੱਤ ਲਈ ਖਿਡਾਰੀਆਂ ਤੇ ਦਰਸ਼ਕਾਂ 'ਚ ਉਤਸ਼ਾਹ ਭਰਿਆ ਜਾਵੇਗਾ.. ਨਿਰਦੇਸ਼ਕਾ ਅਲਪਨਾ

ਚੰਡੀਗੜ੍ਹ, 3 ਮਾਰਚ (ਅ. ਔਜਲਾ)-ਚੰਡੀਗੜ੍ਹ ਵਿਖੇ ਕਿੰਗਜ਼ ਇਲੈਵਨ ਪੰਜਾਬ ਦੀ ਟੀਮ ਨਾਲ ਸਬੰਧਤ ਖਿਡਾਰੀ ਰਤਿੰਦਰ ਸੋਢੀ ਤੇ ਹੋਰਾਂ ਦੀ ਮੌਜੂਦਗੀ 'ਚ ਆਈ.ਪੀ.ਐਲ. ਕ੍ਰਿਕਟ ਲੀਗ ਲਈ ਮਾਊਂਟੇਨ ਡੀਓ ਨੇ ਕਿੰਗਜ਼ ਇਲੈਵਨ ਪੰਜਾਬ ਦੇ ਨਾਲ ਨਾਤਾ ਜੋੜਨ ਦਾ ਰਸਮੀ ਐਲਾਨ ਕੀਤਾ। ਇਸ ਮੌਕੇ 'ਤੇ ਪੈਪਸੀਕੋ ਇੰਡੀਆ ਦੀ ਕਾਰਜਕਾਰੀ ਨਿਰਦੇਸ਼ਕਾ ਅਲਪਨਾ ਟੀਟਸ ਨੇ ਅੱਜ ਚੰਡੀਗੜ੍ਹ 'ਚ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸੰਸਥਾ ਕਿੰਗਜ਼ ਇਲੈਵਨ ਪੰਜਾਬ ਟੀਮ ਦੀ ਜਿੱਤ ਲਈ ਖਿਡਾਰੀਆਂ ਤੇ ਦਰਸ਼ਕਾਂ 'ਚ ਉਤਸ਼ਾਹ ਭਰਨ ਦਾ ਕਾਰਜ ਵੀ ਕਰੇਗੀ। ਉਨ੍ਹਾਂ ਦੱਸਿਆ ਕਿ ਉਹ ਪਿਛਲੇ 3 ਸਾਲਾਂ ਪੈਪਸੀਕੋ ਇੰਡੀਆ ਦੀ ਮਾਊਂਟੇਨ ਡੀਓ ਨੂੰ ਲੋਕਾਂ ਦਾ ਵਧੀਆ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਅਭਿਆਨ ਦੇ ਨਾਲ ਉਹ ਆਪਣੇ ਮਨ ਪਸੰਦੀ ਕ੍ਰਿਕਟ ਸਿਤਾਰੇ ਤੱਕ ਪਹੁੰਚਣ ਦੇ ਅਨੋਖੇ ਸੁਮੇਲ ਸਦਕਾ ਇਸ ਟੀਮ ਨਾਲ ਜੁੜੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਤੇ ਹੋਰ ਉੱਤਰ ਖੇਤਰੀ ਰਾਜਾਂ ਦੇ ਖੇਡ ਪ੍ਰੇਮੀਆਂ ਨੂੰ ਕ੍ਰਿਕਟ ਸਿਤਾਰਿਆਂ ਦੇ ਵਿਰੁੱਧ ਖੇਡਣ ਦਾ ਇਕ ਮੌਕਾ ਵੀ ਪ੍ਰਦਾਨ ਕੀਤਾ ਜਾਵੇਗਾ। ਕਿੰਗਜ਼ ਇਲੈਵਨ ਪੰਜਾਬ ਦੇ ਸੀ.ਈ.ਓ. ਸ੍ਰੀ ਅਨਿਲ ਨੇ ਕਿਹਾ ਕਿ ਘਰੇਲੂ ਟੀਮ ਪ੍ਰਤੀ ਖੇਡ ਪ੍ਰੇਮੀਆਂ ਦਾ ਝੁਕਾਓ ਸੁਭਾਵ ਹੀ ਹੁੰਦਾ ਹੈ ਤੇ ਇਸ 'ਚ ਹੁਣ ਮਾਊਂਟੇਨ ਡੀਓ ਵੀ ਪੂਰੀ ਤਰ੍ਹਾਂ ਨਾਲ ਜੋੜ ਕੇ ਖਿਡਾਰੀਆਂ 'ਚ ਹੋਰ ਉਤਸ਼ਾਹ ਭਰਨਗੇ। ਮਾਊਂਟੇਨ ਡੀਓ ਦੇ ਜੇਤੂਆਂ ਨੂੰ ਧਰਮਸ਼ਾਲਾ ਵਿਖੇ ਕਿੰਗਜ਼ ਇਲੈਵਨ ਟੀਮ ਦੇ ਨਾਲ 5-5 ਓਵਰਾਂ ਦਾ ਕ੍ਰਿਕਟ ਮੈਚ ਖੇਡਣ ਦਾ ਮੌਕਾ ਵੀ ਪ੍ਰਦਾਨ ਕੀਤਾ ਜਾਵੇਗਾ। ਰਤਿੰਦਰ ਸੋਢੀ ਨੇ ਕਿਹਾ ਕਿ ਇਲੈਵਨ ਪੰਜਾਬ ਇਸ ਵਾਰੀ ਆਪਣੇ ਦਰਸ਼ਕਾਂ ਨੂੰ ਵਧੀਆ ਖੇਡ ਦੇ ਨਾਲ ਨਾਲ ਚੰਗੇ ਨਤੀਜੇ ਦੇਣ ਦੀ ਹਰ ਸੰਭਵ ਕੋਸ਼ਿਸ਼ ਕਰੇਗੀ।



ਪੈਪਸੀਕੋ ਇੰਡੀਆ ਦੀ ਕਾਰਜਕਾਰੀ ਨਿਰਦੇਸ਼ਕਾ ਅਲਪਨਾ ਟੀਟਸ ਚੰਡੀਗੜ੍ਹ ਵਿਚ ਕਿੰਗਜ਼ ਇਲੈਵਨ ਪੰਜਾਬ ਟੀਮ ਦੇ ਖਿਡਾਰੀਆਂ ਨਾਲ। ਅਜੀਤ ਤਸਵੀਰ: ਗੁਰਿੰਦਰ ਸਿੰਘ